*ਅੱਗ ਤੋਂ ਸੁਰੱਖਿਆ ਲਈ ਸੁਝਾਅ*

# CO ਅਲਾਰਮ



**ਅਕਸਰ ਨਾ ਦਿਖਣ ਵਾਲਾ ਕਾਤਲ ਕਹੀ ਜਾਣ ਵਾਲੀ ਕਾਰਬਨ ਮੋਨੋਆਕਸਾਈਡ ਇੱਕ ਨਾ ਦਿਖਣ ਵਾਲੀ ਗੰਧ-ਰਹਿਤ ਅਤੇ ਰੰਗ-ਰਹਿਤ ਗੈਸ ਹੈ, ਜੋ ਉਦੋਂ ਬਣਦੀ ਹੈ, ਜਦੋਂ ਇੰਧਨ (ਜਿਵੇਂ ਪੈਟਰੋਲ, ਲੱਕੜ, ਕੋਇਲਾ, ਕੁਦਰਤੀ ਗੈਸ, ਪ੍ਰੋਪੇਨ, ਤੇਲ ਅਤੇ ਮੀਥੇਨ) ਅਧੂਰੇ ਤੌਰ 'ਤੇ ਜਲਦੇ ਹਨ। ਕਾਰਬਨ ਮੋਨੋਆਕਸਾਈਡ ਮਨੁੱਖਾਂ ਅਤੇ ਪਾਲਤੂ ਜਾਨਵਰਾਂ ਦੀ ਜਾਨ ਲੈ ਸਕਦੀ ਹੈ।**

**ਜੇਕਰ ਰਿਹਾਇਸ਼ੀ ਥਾਵਾਂ ਵਿੱਚ ਇਹ ਹੁੰਦੇ ਹਨ ਤਾਂ CO ਅਲਾਰਮ ਦੀ ਲੋੜ ਹੁੰਦੀ ਹੈ:**

- ਅੰਗੀਠੀ
- ਗੈਸ-ਜਲਾਉਣ ਵਾਲਾ ਉਪਕਰਣ (ਵਾਟਰ ਹੀਟਰ, ਭੱਠੀ, ਜਾਂ ਗੈਸ ਸਟੋਵ ਆਦਿ)
- ਇੱਕ ਜੁੜਿਆ ਹੋਇਆ ਗੈਰਾਜ

**ਹਰ** ਮੰਜ਼ਲ 'ਤੇ ਚਾਲੂ ਕਾਰਬਨ ਮੋਨੋਆਕਸਾਈਡ ਅਲਾਰਮ ਲਗਾਏ ਜਾਣੇ ਚਾਹੀਦੇ ਹਨ।

ਕਿਸੇ ਵੀ ਮੰਜ਼ਲ 'ਤੇ ਜਿੱਥੇ ਸੌਣ ਵਾਲੀ ਥਾਂ ਹੋਵੇ, ਉੱਥੇ ਕਾਰਬਨ ਮੋਨੋਆਕਸਾਈਡ ਅਲਾਰਮਾਂ ਨੂੰ ਉਨ੍ਹਾਂ ਥਾਵਾਂ ਦੇ ਨਾਲ ਲਗਾਓ।



CO ਅਲਾਰਮ ਇੱਕ 'ਚੀਂ-ਚੀਂ' ਦੀ ਆਵਾਜ਼ ਕਰੇਗਾ, ਜੋ ਦੱਸਦਾ ਹੈ ਕਿ ਬੈਟਰੀ ਬਦਲਣ ਦੀ ਲੋੜ ਹੈ। ਇਹ ਆਵਾਜ਼ ਅਲਾਰਮ ਦੇ ਵੱਜਣ ਵਰਗੀ ਨਹੀਂ ਹੁੰਦੀ।

ਧੂੰਏਂ ਦਾ ਅਲਾਰਮ ਚਾਲੂ ਹੋਣ 'ਤੇ 3 ਵਾਰ ਬੀਪ ਕਰੇਗਾ।
CO ਅਲਾਰਮ ਚਾਲੂ ਹੋਣ 'ਤੇ 4 ਵਾਰ ਬੀਪ ਕਰੇਗਾ।

CO ਅਲਾਰਮ ਲਗਾਉਣ, ਰੱਖ-ਰਖਾਅ ਕਰਨ ਅਤੇ ਬਦਲਣ ਸਮੇਂ ਹਮੇਸ਼ਾਂ ਨਿਰਮਾਤਾ ਦੀਆਂ ਹਦਾਇਤਾਂ ਦੀ ਪਾਲਣਾ ਕਰੋ।

ਜੇ ਤੁਹਾਡੇ CO ਅਲਾਰਮ ਨੂੰ ਬੈਟਰੀ ਦੀ ਲੋੜ ਹੈ, ਤਾਂ ਬੈਟਰੀ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ, ਜਾਂ ਜਦੋਂ ਘੱਟ ਬੈਟਰੀ ਦੀ ਚੇਤਾਵਨੀ ਦੀ ਟਿਣ-ਟਿਣ ਆਵੇ, ਤਾਂ ਬਦਲੋ।

ਡ੍ਰਾਇਅਰ, ਭੱਠੀ, ਸਟੋਵ ਅਤੇ ਫਾਇਰਪਲੇਸ ਦੇ ਹਵਾਦਾਰ ਸੁਰਾਖਾਂ ਨੂੰ ਬਰਫ਼ ਅਤੇ ਹੋਰ ਮਲਬੇ ਤੋਂ ਸਾਫ਼ ਰੱਖ ਕੇ ਆਪਣੇ ਘਰ ਨੂੰ ਸੁਰੱਖਿਅਤ ਰੱਖੋ। ਗੱਡੀਆਂ ਨੂੰ ਚਾਲੂ ਕਰਨ ਤੋਂ ਤੁਰੰਤ ਬਾਅਦ ਗੈਰਾਜ ਤੋਂ ਬਾਹਰ ਕੱਢ ਦਿਓ। ਕਦੇ ਵੀ ਆਪਣੇ ਘਰ ਨੂੰ ਗਰਮ ਕਰਨ ਲਈ ਓਵਨ ਜਾਂ ਸਟੋਵ ਦੀ ਵਰਤੋਂ ਨਾ ਕਰੋ।



ਜੇ ਤੁਹਾਡਾ CO ਅਲਾਰਮ ਵੱਜਦਾ ਹੈ, ਤਾਂ ਆਪਣੀਆਂ ਖਿੜਕੀਆਂ ਬੰਦ ਰੱਖੋ, ਤੁਰੰਤ ਆਪਣੇ ਘਰ ਤੋਂ ਬਾਹਰ ਨਿਕਲ ਜਾਓ ਅਤੇ ਕਿਸੇ ਸੁਰੱਖਿਅਤ ਥਾਂ ਤੋਂ 9-1-1 'ਤੇ ਕਾਲ ਕਰੋ।

**Mississauga Fire & Emergency Services**

**ਸਵਾਲ? ਸਾਡੇ ਨਾਲ ਸੰਪਰਕ ਕਰੋ:**

Mississauga Fire & Emergency Services
Fire Prevention Division
905.896.5908
**mississauga.ca/fire**
fire.prevention@mississauga.ca